ਮਿੱਠੇ ਬੱਚੇ:- " ਮਿੱਠੇ ਮਿੱਠੇ ਸਰਵਿਸੇਬੁਲ ਬੱਚੇ :- ਅਜਿਹਾ ਕੋਈ ਵੀ ਕੰਮ ਨਹੀਂ ਕਰਨਾ ਜਿਸ ਨਾਲ ਸਰਵਿਸ ਵਿੱਚ ਕੋਈ ਵੀ ਵਿਘਨ ਪਵੇ "

ਪ੍ਰਸ਼ਨ:- ਸੰਗਮਯੁਗ ਤੇ ਤੁਸੀਂ ਬੱਚਿਆਂ ਨੂੰ ਬਿਲਕੁਲ ਐਕੁਰੇਟ ਬਣਨਾ ਹੈ, ਐਕੁਰੇਟ ਕੌਣ ਬਣ ਸਕਦੇ ਹਨ?

ਉੱਤਰ:- ਜੋ ਸੱਚੇ ਬਾਪ ਦੇ ਨਾਲ ਹਮੇਸ਼ਾ ਸੱਚੇ ਰਹਿੰਦੇ ਹਨ, ਅੰਦਰ ਇੱਕ, ਬਾਹਰ ਦੂਜਾ - ਇਵੇਂ ਨਾ ਹੋਵੇ। 2 - ਜੋ ਸ਼ਿਵਬਾਬਾ ਦੇ ਸਿਵਾਏ ਹੋਰ ਗੱਲਾਂ ਵਿੱਚ ਨਹੀਂ ਜਾਂਦੇ ਹਨ। 3 - ਹਰ ਕਦਮ ਸ਼੍ਰੀਮਤ ਤੇ ਚਲਦੇ ਹਨ, ਕੋਈ ਵੀ ਗ਼ਫ਼ਲਤ ਨਹੀਂ ਕਰਦੇ, ਉਹ ਹੀ ਐਕੁਰੇਟ ਬਣਦੇ ਹਨ।

ਗੀਤ:- ਬਚਪਨ ਦੇ ਦਿਨ ਭੁਲਾ ਨਾ ਦੇਣਾ…

ਓਮ ਸ਼ਾਂਤੀ। ਮਿੱਠੇ - ਮਿੱਠੇ ਰੂਹਾਨੀ ਬੱਚਿਆਂ ਨੇ ਗੀਤ ਦੇ ਦੋ ਅੱਖਰ ਸੁਣੇ ਇਹ ਤਾਂ ਨਿਸ਼ਚਾ ਕਰਦੇ ਹੋ - ਬੇਹੱਦ ਦਾ ਬਾਪ ਹੁਣ ਬੇਹੱਦ ਸੁੱਖ ਦਾ ਵਰਸਾ ਦੇ ਰਹੇ ਹਨ। ਅਜਿਹੇ ਬਾਪ ਦੇ ਅਸੀਂ ਆਕੇ ਬੱਚੇ ਬਣੇ ਹਾਂ ਤਾਂ ਬਾਪ ਦੀ ਸ਼੍ਰੀਮਤ ਤੇ ਵੀ ਚਲਣਾ ਹੈ। ਨਹੀਂ ਤਾਂ ਕੀ ਹੋਵੇਗਾ! ਹੁਣੇ - ਹੁਣੇ ਹੱਸਦੇ ਹੋ, ਕਹਿੰਦੇ ਹੋ ਅਸੀਂ ਮਹਾਰਾਜਾ ਮਹਾਰਾਣੀ ਬਣਾਂਗੇ ਅਤੇ ਜੇ ਹੱਥ ਛੱਡ ਦਿੱਤਾ ਤਾਂ ਫਿਰ ਜਾਕੇ ਸਾਧਾਰਨ ਪ੍ਰਜਾ ਬਣਾਂਗੇ। ਸ੍ਵਰਗ ਵਿੱਚ ਤਾਂ ਜਰੂਰ ਆਉਣਗੇ। ਇਵੇਂ ਵੀ ਨਹੀਂ ਸਭ ਸਵਰਗ ਵਿੱਚ ਆਉਣੇ ਵਾਲੇ ਹਨ। ਜੋ ਸਤਿਯੁਗ ਤ੍ਰੇਤਾ ਵਿੱਚ ਆਉਣ ਵਾਲੇ ਹੋਣਗੇ, ਉਹ ਹੀ ਆਉਣਗੇ। ਸਤਿਯੁਗ ਅਤੇ ਤ੍ਰੇਤਾ ਦੋਨੋਂ ਨੂੰ ਮਿਲਾਕੇ ਸ੍ਵਰਗ ਕਿਹਾ ਜਾਂਦਾ ਹੈ। ਫਿਰ ਵੀ ਜੋ ਪਹਿਲੇ - ਪਹਿਲੇ ਨਵੀਂ ਦੁਨੀਆਂ ਵਿੱਚ ਆਉਂਦੇ ਹਨ ਉਹ ਚੰਗਾ ਸੁੱਖ ਪਾਉਂਦੇ ਹਨ ਬਾਕੀ ਜੋ ਬਾਦ ਵਿੱਚ ਆਉਣ ਵਾਲੇ ਹਨ ਉਹ ਕੋਈ ਆਕੇ ਗਿਆਨ ਨਹੀਂ ਲੈਣਗੇ। ਗਿਆਨ ਲੈਣ ਵਾਲੇ ਸਤਿਯੁਗ ਤ੍ਰੇਤਾ ਵਿੱਚ ਆਉਣਗੇ। ਬਾਕੀ ਆਉਂਦੇ ਹੀ ਹਨ ਰਾਵਣ ਰਾਜ ਵਿੱਚ। ਇਹ ਥੋੜਾ ਜਿਹਾ ਸੁੱਖ ਪਾ ਸਕਣਗੇ। ਸਤਿਯੁਗ ਤ੍ਰੇਤਾ ਵਿੱਚ ਤਾਂ ਬਹੁਤ ਸੁੱਖ ਹੈ ਨਾ ਇਸਲਈ ਪੁਰਸ਼ਾਰਥ ਕਰਕੇ ਬਾਪ ਤੋਂ ਬੇਹੱਦ ਸੁੱਖ ਦਾ ਵਰਸਾ ਪਾਉਣਾ ਚਾਹੀਦਾ ਅਤੇ ਇਹ ਮਹਾਨ ਖੁਸ਼ਖਬਰੀ ਲਿਖੋ - ਕਾਰਡਸ ਜੋ ਛਿਪਵਾਉਂਦੇ ਹਨ ਉਸ ਵਿੱਚ ਵੀ ਇਹ ਲਿਖਣਾ ਚਾਹੀਦਾ ਹੈ - ਉੱਚ ਤੇ ਉੱਚ ਬੇਹੱਦ ਦੇ ਬਾਪ ਦੀ ਖੁਸ਼ਖਬਰੀ। ਪ੍ਰਦਰਸ਼ਨੀ ਵਿੱਚ ਤੁਸੀਂ ਵਿਖਾਉਂਦੇ ਹੋ ਨਵੀਂ ਦੁਨੀਆਂ ਕਿਵੇਂ ਸਥਾਪਨ ਹੁੰਦੀ ਹੈ। ਤਾਂ ਇਹ ਕਲੀਅਰ ਅਤੇ ਵੱਡੇ ਅੱਖਰਾਂ ਵਿੱਚ ਲਿਖਣਾ ਚਾਹੀਦਾ ਹੈ। ਬੇਹੱਦ ਦਾ ਬਾਪ ਗਿਆਨ ਦਾ ਸਾਗਰ, ਪਤਿਤ - ਪਾਵਨ, ਸਦਗਤੀ ਦਾਤਾ ਗੀਤਾ ਦਾ ਭਗਵਾਨ ਸ਼ਿਵ ਕਿਵੇਂ ਬ੍ਰਹਮਾਕੁਮਾਰ ਕੁਮਾਰੀਆਂ ਦਵਾਰਾ ਫਿਰ ਤੋਂ ਕਲਯੁਗੀ ਸੰਪੂਰਨ ਵਿਕਾਰੀ, ਭ੍ਰਿਸ਼ਟਾਚਾਰੀ ਪਤਿਤ ਦੁਨੀਆਂ ਨੂੰ ਸਤਿਯੁਗੀ ਸੰਪੂਰਨ ਨਿਰਵਿਕਾਰੀ ਪਾਵਨ ਸ਼੍ਰੇਸਠਾਚਾਰੀ ਦੁਨੀਆਂ ਬਣਾ ਰਹੇ ਹਨ। ਉਹ ਖੁਸ਼ਖਬਰੀ ਆਕੇ ਸੁਣੋ ਅਥਵਾ ਸਮਝੋ। ਗਵਰਮੈਂਟ ਤੋਂ ਵੀ ਤੁਹਾਡੀ ਇਹ ਪ੍ਰਤਿਗਿਆ ਹੈ ਕਿ ਅਸੀਂ ਭਾਰਤ ਵਿੱਚ ਫਿਰ ਤੋਂ ਸਤਿਯੁਗੀ ਸ਼੍ਰੇਸ਼ਠਾਚਾਰੀ 100 ਪ੍ਰਤੀਸ਼ਤ ਪਵਿੱਤਰਤਾ ਸੁੱਖ - ਸ਼ਾਂਤੀ ਦਾ ਦੈਵੀ ਸਵਰਾਜ ਕਿਵੇਂ ਸਥਾਪਨ ਕਰ ਰਹੇ ਹਨ ਅਤੇ ਇਸ ਵਿਕਾਰੀ ਦੁਨੀਆਂ ਦਾ ਵਿਨਾਸ਼ ਕਿਵੇਂ ਹੋਵੇਗਾ ਸੋ ਆਕੇ ਸਮਝੋ। ਇਵੇਂ ਕਲੀਅਰ ਲਿਖਣਾ ਚਾਹੀਦਾ ਹੈ। ਕਾਰਡ ਵਿੱਚ ਇਵੇਂ ਲਿਖੋ ਜੋ ਮਨੁੱਖ ਚੰਗੀ ਰੀਤੀ ਸਮਝ ਸਕਣ। ਇਹ ਪ੍ਰਜਾਪਿਤਾ ਬ੍ਰਹਮਾਕੁਮਾਰ ਕੁਮਾਰੀਆਂ ਕਲਪ ਪਹਿਲੇ ਮਿਸਲ ਡਰਾਮਾ ਪਲਾਨ ਅਨੁਸਾਰ ਪਰਮਪਿਤਾ ਪਰਮਾਤਮਾ ਸ਼ਿਵ ਦੀ ਸ਼੍ਰੀਮਤ ਤੇ ਸਹਿਜ ਰਾਜਯੋਗ ਅਤੇ ਪਵਿੱਤਰਤਾ ਦੇ ਬਲ ਨਾਲ, ਆਪਣੇ ਤਨ - ਮਨ - ਧਨ ਤੋਂ ਭਾਰਤ ਨੂੰ ਇਵੇਂ ਸ਼੍ਰੇਸਠਾਚਾਰੀ ਪਾਵਨ ਕਿਵੇਂ ਬਣਾ ਰਹੇ ਹਨ, ਸੋ ਆਕੇ ਸਮਝੋ। ਕਲੀਅਰ ਕਰਕੇ ਕਾਰਡ ਵਿੱਚ ਛਿਪਾਉਣਾ ਚਾਹੀਦਾ ਹੈ, ਜੋ ਕੋਈ ਵੀ ਸਮਝ ਜਾਵੇ। ਇਹ ਬੀ. ਕੇ ਸ਼ਿਵਬਾਬਾ ਦੀ ਮਤ ਤੇ ਰਾਮਰਾਜ ਸਥਾਪਨ ਕਰ ਰਹੇ ਹਨ, ਜੋ ਗਾਂਧੀ ਜੀ ਦੀ ਚਾਹੁਣਾ ਸੀ। ਅਖਬਾਰ ਵਿੱਚ ਵੀ ਇਵੇਂ ਫੁਲ ਨਿਮੰਤਰਣ ਪੈ ਜਾਵੇ। ਇਹ ਜਰੂਰ ਸਮਝਾਉਣਾ ਹੈ ਕਿ ਪ੍ਰਜਾਪਿਤਾ ਬ੍ਰਹਮਾਕੁਮਾਰ ਕੁਮਾਰੀਆਂ ਆਪਣੇ ਤਨ - ਮਨ - ਧਨ ਤੋਂ ਇਹ ਕਰ ਰਹੇ ਹਨ। ਤਾਂ ਮਨੁੱਖ ਇਵੇਂ ਕਦੀ ਨਾ ਸਮਝਣ ਕਿ ਇਹ ਕੋਈ ਭੀਖ ਜਾਂ ਡੋਨੇਸ਼ਨ ਆਦਿ ਮੰਗਦੇ ਹਨ। ਦੁਨੀਆਂ ਵਿੱਚ ਤਾਂ ਸਭ ਡੋਨੇਸ਼ਨ ਤੇ ਹੀ ਚਲਦੇ ਹਨ। ਇੱਥੇ ਤੁਸੀਂ ਕਹਿੰਦੇ ਹੋ ਕਿ ਅਸੀਂ ਬੀ. ਕੇ ਆਪਣੇ ਤਨ - ਮਨ - ਧਨ ਤੋਂ ਕਰ ਰਹੇ ਹਾਂ। ਉਹ ਆਪ ਹੀ ਸ੍ਵਰਾਜ ਲੈਂਦੇ ਹਨ ਤਾਂ ਜਰੂਰ ਆਪਣਾ ਹੀ ਖਰਚਾ ਕਰਨਗੇ। ਜੋ ਮਿਹਨਤ ਕਰਦੇ ਹਨ ਉਨ੍ਹਾਂ ਨੂੰ ਹੀ 21 ਜਨਮਾਂ ਦੇ ਲਈ ਵਰਸਾ ਮਿਲਦਾ ਹੈ। ਭਾਰਤਵਾਸੀ ਹੀ 21 ਜਨਮਾਂ ਦੇ ਲਈ ਸ਼੍ਰੇਸ਼ਠਾਚਾਰੀ ਡਬਲ ਸਿਰਤਾਜ ਬਣਦੇ ਹਨ। ਇਹ ਲਕਸ਼ਮੀ - ਨਾਰਾਇਣ ਡਬਲ ਸਿਰਤਾਜ ਹਨ ਨਾ। ਹੁਣ ਤਾਂ ਕੋਈ ਤਾਜ ਨਹੀਂ ਰਿਹਾ ਹੈ। ਤਾਂ ਇਹ ਚੰਗੀ ਰੀਤੀ ਸਮਝਾਉਣਾ ਪਵੇ। ਬਾਪ ਸਮਝਾਉਂਦੇ ਹਨ ਇਵੇਂ - ਇਵੇਂ ਲਿਖੋ ਤਾਂ ਵਿਚਾਰਿਆਂ ਨੂੰ ਮਾਲੂਮ ਪਵੇ ਕਿ ਬੀ. ਕੇ. ਕੀ ਕਰ ਰਹੇ ਹਨ। ਵੱਡਿਆ ਦਾ ਆਵਾਜ਼ ਹੋਵੇਗਾ ਤਾਂ ਫਿਰ ਗਰੀਬਾਂ ਦਾ ਵੀ ਸੁਣਨਗੇ। ਨਹੀਂ ਤਾਂ ਗਰੀਬ ਦੀ ਕੋਈ ਗੱਲ ਨਹੀਂ ਸੁਣਦੇ ਸਾਹੂਕਾਰ ਦਾ ਅਵਾਜ ਝੱਟ ਹੁੰਦਾ ਹੈ। ਤੁਸੀਂ ਸਿੱਧ ਕਰ ਦੱਸਦੇ ਹੋ ਅਸੀਂ ਖਾਸ ਭਾਰਤ ਨੂੰ ਸ੍ਵਰਗ ਬਣਾਉਂਦੇ ਹਾਂ। ਬਾਕੀ ਸਭ ਨੂੰ ਸ਼ਾਂਤੀਧਾਮ ਵਿੱਚ ਭੇਜ ਦਿੰਦੇ ਹਾਂ। ਸਮਝਾਉਣਾ ਵੀ ਇਵੇਂ ਹੈ। ਭਾਰਤ 5 ਹਜ਼ਾਰ ਵਰ੍ਹੇ ਪਹਿਲੇ ਇਵੇਂ ਸਵਰਗ ਸੀ। ਹੁਣ ਤਾਂ ਕਲਯੁਗ ਹੈ, ਉਹ ਸਤਿਯੁਗ ਸੀ। ਹੁਣ ਦੱਸੋ ਸਤਿਯੁਗ ਵਿੱਚ ਕਿੰਨੇਂ ਆਦਮੀ ਸਨ। ਹੁਣ ਕਲਯੁਗ ਦਾ ਅੰਤ ਹੈ। ਇਹ ਉਹ ਹੀ ਮਹਾਭਾਰਤ ਮਹਾਭਾਰੀ ਲੜ੍ਹਾਈ ਹੈ। ਹੋਰ ਕਿਸੇ ਵਕਤ ਤਾਂ ਅਜਿਹੀ ਲੜ੍ਹਾਈ ਲੱਗੀ ਹੀ ਨਹੀਂ ਹੈ। ਇਹ ਵੀ ਥਰਡ ਵਾਰ ਪਿਛਾੜੀ ਨੂੰ ਹੋਈ ਹੈ। ਟ੍ਰਾਈ ਕਰਦੇ ਹਨ ਨਾ। ਹੁਣ ਤੇ ਆਟੋਮਿਕ ਬੋਮਬਜ਼ ਬਨਾਉਂਦੇ ਰਹਿੰਦੇ ਹਨ। ਕਿਸੇ ਦੀ ਵੀ ਸੁਣਦੇ ਨਹੀਂ ਹਨ। ਉਹ ਕਹਿੰਦੇ ਹਨ ਜੋ ਬੋਮਬਜ਼ ਬਣਾਏ ਹੋਏ ਹਨ ਉਹ ਸਭ ਸਮੁੰਦਰ ਵਿੱਚ ਪਾ ਦਵੋ ਤਾਂ ਅਸੀਂ ਵੀ ਨਾ ਬਣਾਈਏ। ਤੁਸੀਂ ਰੱਖੋ ਅਤੇ ਅਸੀਂ ਨਾ ਬਣਾਈਏ

ਇਹ ਕਿਵੇਂ ਹੋ ਸਕਦਾ ਹੈ। ਪਰੰਤੂ ਤੁਸੀਂ ਬੱਚੇ ਜਾਣਦੇ ਹੋ ਇਹ ਤਾਂ ਭਾਵੀ ਬਣੀ ਹੋਈ ਹੈ, ਕਿੰਨਾ ਵੀ ਉਨ੍ਹਾਂ ਨੂੰ ਮੱਤ ਦਈਏ, ਸਮਝਣਗੇ ਨਹੀਂ। ਵਿਨਾਸ਼ ਨਾ ਹੋਵੇ ਤਾਂ ਰਾਜ ਕਿਵੇਂ ਕਰਨਗੇ। ਤੁਹਾਨੂੰ ਬੱਚਿਆਂ ਨੂੰ ਤਾਂ ਨਿਸ਼ਚੇ ਹੈ ਨਾ। ਸੰਸ਼ੇ ਬੁੱਧੀ ਜੋ ਹਨ ਉਹ ਭਗੰਤੀ ਹੋ ਜਾਂਦੇ ਹਨ, ਟ੍ਰੇਟਰ ਬਣ ਜਾਦੇ ਹਨ। ਬਾਪ ਦਾ ਬਣਕੇ ਫਿਰ ਟ੍ਰੇਟਰ ਨਹੀਂ ਬਣਨਾ ਹੈ, ਤੁਹਾਨੂੰ ਤਾਂ ਯਾਦ ਕਰਨਾ ਹੈ ਸ਼ਿਵਬਾਬਾ ਨੂੰ ਹੋਰ ਗੱਲਾਂ ਨਾਲ ਕੀ ਫਾਇਦਾ। ਸੱਚੇ ਬਾਪ ਨਾਲ ਸੱਚਾ ਬਣਨਾ ਹੈ। ਅੰਦਰ ਵਿੱਚ ਇੱਕ ਅਤੇ ਬਾਹਰ ਦੂਸਰੀ ਰੱਖਣਗੇ ਤਾਂ ਆਪਣਾ ਪਦਵੀ ਭ੍ਰਸ਼ਟ ਕਰ ਲੈਣਗੇ। ਅਪਣਾ ਹੀ ਨੁਕਸਾਨ ਕਰਨਗੇ। ਕਲਪ - ਕਲਪਾਂਤਰ ਦੇ ਲਈ ਕਦੀ ਵੀ ਉੱਚ ਪਦਵੀ ਪਾ ਨਹੀਂ ਸਕਣਗੇ। ਇਸਲਈ ਇਸ ਸਮੇਂ ਬਹੁਤ ਐਕੂਰੇਟ ਬਣਨਾ ਹੈ। ਕੋਈ ਗਫ਼ਲਤ ਨਹੀਂ ਕਰਨੀ ਚਾਹੀਦੀ ਹੈ। ਜਿਨ੍ਹਾਂ ਹੋ ਸਕੇ ਸ਼੍ਰੀਮਤ ਤੇ ਰਹਿਣਾ ਹੈ। ਨਿਰੰਤਰ ਯਾਦ ਤਾਂ ਪਿਛਾੜੀ ਵਿੱਚ ਰਹੇਗੀ। ਸਿਵਾਏ ਇੱਕ ਬਾਪ ਦੇ ਹੋਰ ਕਿਸੇ ਦੀ ਯਾਦ ਨਾ ਰਹੇ। ਗਾਇਆ ਵੀ ਹੋਇਆ ਹੈ ਅੰਤਕਾਲ ਜੋ ਇਸਤਰੀ ਸਿਮਰੇ... ਜਿਸ ਵਿੱਚ ਮੋਹ ਹੋਵੇਗਾ ਤਾਂ ਉਹ ਯਾਦ ਆ ਜਾਣਗੇ। ਅੱਗੇ ਚੱਲ ਜਿਨ੍ਹਾਂ ਤੁਸੀਂ ਨਜ਼ਦੀਕ ਆਉਂਦੇ ਜਾਓਗੇ, ਸਾਖਸ਼ਤਕਾਰ ਹੁੰਦਾ ਜਾਏਗਾ। ਬਾਬਾ ਹਰ ਇੱਕ ਨੂੰ ਵਿਖਾਉਣਗੇ ਤੁਸੀਂ ਇੰਝ - ਇੰਝ ਕੰਮ ਕੀਤੇ ਹਨ। ਸ਼ੁਰੂ - ਸ਼ੁਰੂ ਵਿੱਚ ਵੀ ਤੁਸੀਂ ਸਾਖ਼ਸ਼ਤਕਾਰ ਕੀਤੇ ਹਨ। ਸਜਾਵਾਂ ਤਾਂ ਭੋਗਦੇ ਸੀ ਉਹ ਬਹੁਤ ਚੀਕਦੇ ਸਨ। ਬਾਬਾ ਕਹਿੰਦੇ ਹਨ ਤੁਹਾਨੂੰ ਦਿਖਾਉਣ ਲਈ ਇਨ੍ਹਾਂ ਦੀਆਂ ਸੋ ਗੁਣੀ ਸਜਾਵਾਂ ਕਟਵਾ ਦਿਤੀਆਂ। ਤਾਂ ਅਜਿਹਾ ਕੰਮ ਨਹੀਂ ਕਰਨਾ ਜੋ ਬਾਬਾ ਦੀ ਸਰਵਿਸ ਵਿੱਚ ਵਿਘਨ ਪਵੇ। ਪਿਛਾੜੀ ਵਿੱਚ ਵੀ ਤੁਹਾਨੂੰ ਸਭ ਸਾਕਸ਼ਤਕਾਰ ਹੋਣਗੇ। ਇਵੇਂ - ਇਵੇਂ ਤੁਸੀਂ ਬਾਪ ਦੀ ਸਰਵਿਸ ਵਿੱਚ ਵਿਘਨ ਪਾ ਕੇ ਬਹੁਤ ਨੁਕਸਾਨ ਕੀਤਾ ਹੈ। ਆਸੁਰੀ ਸੰਪ੍ਰਦਾਇ ਹੈ ਨਾ। ਜਿਨ੍ਹਾਂ ਨੇ ਵਿਘਨ ਪਾਏ ਹਨ ਉਨ੍ਹਾਂ ਨੂੰ ਬਹੁਤ ਸਜਾਵਾਂ ਮਿਲਦੀਆਂ ਹਨ। ਸ਼ਿਵਬਾਬਾ ਦੀ ਬਹੁਤ ਵੱਡੀ ਦਰਬਾਰ ਹੈ। ਰਾਈਟਹੈਂਡ ਵਿੱਚ ਧਰਮਰਾਜ ਵੀ ਹੈ। ਉਹ ਹੈ ਹੱਦ ਦੀਆਂ ਸਜਾਵਾਂ। ਇੱਥੇ ਤਾਂ 21 ਜਨਮ ਦਾ ਘਾਟਾ ਪੈ ਜਾਂਦਾ ਹੈ, ਪਦਵੀ ਭ੍ਰਸ਼ਟ ਹੋ ਜਾਂਦੀ ਹੈ। ਹਰ ਗੱਲ ਵਿੱਚ ਬਾਬਾ ਸਮਝਾਉਂਦੇ ਰਹਿੰਦੇ ਹਨ, ਤਾਂ ਇਵੇ ਕੋਈ ਕਹਿ ਨਾ ਸਕਣ ਕਿ ਸਾਨੂੰ ਪਤਾ ਨਹੀਂ ਸੀ ਇਸਲਈ ਬਾਬਾ ਸਭ ਸਾਵਧਾਨੀ ਦਿੰਦੇ ਰਹਿੰਦੇ ਹਨ। ਦੇਖਦੇ ਹਨ ਹਰ ਇੱਕ ਸੈਂਟਰ ਵਿੱਚ ਕਿੰਨੇ ਭਗੰਤੀ ਹੁੰਦੇ ਰਹਿੰਦੇ ਹਨ। ਤੰਗ ਕਰਦੇ ਹਨ। ਵਿਕਾਰੀ ਬਣ ਜਾਂਦੇ ਹਨ। ਸਕੂਲ ਵਿੱਚ ਤਾਂ ਪੂਰੀ ਰੀਤੀ ਪੜ੍ਹਣਾ ਚਾਹੀਦਾ ਹੈ, ਨਹੀਂ ਤਾਂ ਕੀ ਪਦਵੀ ਪਾਉਣਗੇ। ਪਦਵੀ ਦਾ ਬਹੁਤ ਫਰਕ ਪੈ ਜਾਂਦਾ ਹੈ। ਜਿਵੇਂ ਇੱਥੇ ਦੁਖਧਾਮ ਵਿੱਚ ਕੋਈ ਪ੍ਰੈਜ਼ੀਡੈਂਟ ਹੈ, ਕੋਈ ਸ਼ਾਹੂਕਾਰ ਹੈ, ਕੋਈ ਗ਼ਰੀਬ ਹੈ ਉਂਝ ਸੁਖਧਾਮ ਵਿੱਚ ਵੀ ਪਦ ਤਾਂ ਨੰਬਰਵਾਰ ਹੋਣਗੇ। ਜੋ ਰਾਯਲ ਬੁੱਧੀਵਾਨ ਬੱਚੇ ਹੋਣਗੇ, ਉਹ ਬਾਪ ਕੋਲੋਂ ਪੂਰਾ ਵਰਸਾ ਲੈਣ ਦੀ ਕੋਸ਼ਿਸ ਕਰਨਗੇ। ਮਾਇਆ ਦੀ ਬਾਕਸਿੰਗ ਹੈ ਨਾ। ਮਾਇਆ ਬਹੁਤ ਪ੍ਰਬਲ ਹੈ ਹਾਰ ਜਿੱਤ ਹੁੰਦੀ ਰਹਿੰਦੀ ਹੈ। ਕਿੰਨੇ ਆਉਂਦੇ ਹਨ ਫਿਰ ਟ੍ਰੇਟਰ ਬਣ ਚਲੇ ਜਾਂਦੇ ਹਨ। ਚੱਲਦੇ - ਚੱਲਦੇ ਫੇਲ ਹੋ ਜਾਂਦੇ ਹਨ। ਬਹੁਤ ਕਹਿੰਦੇ ਹਨ ਇਹ ਕਿਵੇਂ ਹੋ ਸਕਦਾ ਹੈ। ਇਹ ਤਾਂ ਕਦੀ ਨਹੀਂ ਸੁਣਿਆ ਕਿ ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਪਵਿੱਤਰ ਰਹਿ ਸਕਦੇ ਹਨ। ਅਰੇ ਭਗਵਾਨੁਵਾਚ ਹੈ ਨਾ - ਕਾਮ ਮਹਾਸ਼ਤਰੂ ਹੈ। ਗੀਤਾ ਵਿੱਚ ਵੀ ਇਹ ਅੱਖਰ ਹੈ ਨਾ। ਤੁਸੀਂ ਜਾਣਦੇ ਹੋ ਸਤਿਯੁਗ ਵਿੱਚ ਹਨ ਦੈਵੀ ਗੁਣ ਵਾਲੇ ਮਨੁੱਖ ਅਤੇ ਕਲਯੁੱਗ ਵਿੱਚ ਹਨ ਆਸੁਰੀ ਅਵਗੁਣਾਂ ਵਾਲੇ। ਆਸੁਰੀ ਗੁਣ ਵਾਲੇ ਦੈਵੀ ਗੁਣ ਵਾਲਿਆਂ ਦੀ ਮਹਿਮਾ ਗਾਉਂਦੇ ਹਨ। ਕਿੰਨਾ ਫ਼ਰਕ ਹੈ। ਹੁਣ ਤੁਸੀਂ ਸਮਝਦੇ ਹੋ ਕਿ ਅਸੀਂ ਕੀ ਸੀ, ਕੀ ਬਣ ਰਹੇ ਹਾਂ। ਇੱਥੇ ਤੁਹਾਨੂੰ ਸਭ ਗੁਣ ਧਾਰਨ ਕਰਨੇ ਹਨ ਖਾਣ - ਪੀਣ ਆਦਿ ਵੀ ਸਤੋਗੁਣੀ ਖਾਣਾ ਹੈ। ਦੇਖਣਾ ਹੈ ਦੇਵਤਾਵਾਂ ਨੂੰ ਕੀ ਖਵਾਉਂਦੇ ਹਨ। ਸ੍ਰੀਨਾਥ ਦੁਆਰੇ ਵਿੱਚ ਜਾਕੇ ਦੇਖੋ - ਕਿੰਨੇ ਮਾਲ ਅਤੇ ਸ਼ੁੱਧ ਭੋਜਨ ਬਣਦਾ ਹੈ। ਉੱਥੇ ਹੈ ਹੀ ਵੈਸ਼ਨਵ। ਅਤੇ ਉੱਥੇ ਜਗਨਨਾਥਪੁਰੀ ਵਿੱਚ ਵੇਖੋ ਕੀ ਮਿਲਦਾ ਹੈ? ਚਾਵਲ। ਉੱਥੇ ਹੈ ਵਾਮ ਮਾਰਗ ਦੇ ਬਹੁਤ ਗੰਦੇ ਚਿੱਤਰ। ਜਦੋਂ ਰਾਜਾਈ ਸੀ ਤਾਂ 36 ਤਰ੍ਹਾਂ ਦੇ ਭੋਜਨ ਮਿਲਦੇ ਸੀ। ਤਾਂ ਸ੍ਰੀਨਾਥ ਦੁਆਰੇ ਵਿੱਚ ਬਹੁਤ ਮਾਲ ਬਣਦੇ ਹਨ। ਪੁਰੀ ਅਤੇ ਸ੍ਰੀਨਾਥ ਦਾ ਵੱਖਰਾ - ਵੱਖਰਾ ਹੈ। ਪੁਰੀ ਦੇ ਮੰਦਿਰ ਵਿੱਚ ਬਹੁਤ ਗੰਦੇ - ਗੰਦੇ ਚਿੱਤਰ ਹਨ, ਦੇਵਤਾਵਾਂ ਦੀ ਡ੍ਰੈਸ ਵਿੱਚ। ਤਾਂ ਭੋਗ ਵੀ ਵਿਸ਼ੇਸ਼ ਚਾਵਲ ਦਾ ਲਗਦਾ ਹੈ। ਉਸ ਵਿੱਚ ਘਿਓ ਵੀ ਨਹੀਂ ਪਾਉਂਦੇ। ਇਹ ਫ਼ਰਕ ਵਿਖਾਉਂਦੇ ਹਨ। ਭਾਰਤ ਕੀ ਸੀ ਫਿਰ ਕੀ ਬਣ ਗਿਆ ਹੈ। ਹੁਣ ਤਾਂ ਦੇਖੋ ਕਿ ਹਾਲ ਹੈ। ਪੂਰਾ ਅੰਨ ਵੀ ਨਹੀਂ ਮਿਲਦਾ ਹੈ। ਉਨ੍ਹਾਂ ਦੇ ਪਲੈਨ ਅਤੇ ਸ਼ਿਵਬਾਬਾ ਦੇ ਪਲਾਨ ਵਿੱਚ ਰਾਤ - ਦਿਨ ਦਾ ਫ਼ਰਕ ਹੈ। ਉਹ ਸਭ ਪਲਾਨ ਮਿੱਟੀ ਵਿੱਚ ਮਿਲ ਜਾਣਗੇ। ਨੈਚਰੁਲ ਕਲੈਮਿਟੀਜ ਹੋਣਗੀਆਂ। ਅਨਾਜ ਆਦਿ ਕੁਝ ਨਹੀਂ ਮਿਲੇਗਾ, ਬਰਸਾਤ ਕਿੱਥੇ ਵੇਖੋ ਤਾਂ ਬਹੁਤ ਪੈਂਦੀ ਹੈ। ਕਿੱਥੇ ਬਿਲਕੁਲ ਨਹੀਂ ਪੈਂਦੀ। ਕਿੰਨਾ ਨੁਕਸਾਨ ਕਰ ਦਿੰਦੀ ਹੈ। ਇਸ ਸਮੇਂ ਤੱਤਵ ਵੀ ਤਮੋਪ੍ਰਧਾਨ ਹਨ ਅਤੇ ਬਰਸਾਤ ਵੀ ਉਲਟੇ - ਸੁਲਟੇ ਟਾਇਮ ਤੇ ਪੈਂਦੀ ਰਹਿੰਦੀ ਹੈ। ਤੂਫ਼ਾਨ ਵੀ ਤਮੋਪ੍ਧਾਨ, ਸੂਰਜ ਵੀ ਤਪਤ ਅਜਿਹੀ ਕਰਨਗੇ ਜੋ ਪੁੱਛੋ ਨਾ। ਇਹ ਨੈਚੁਰਲ ਕਲੈਮਿਟੀਜ ਡਰਾਮਾ ਵਿੱਚ ਨੂੰਧ ਹਨ। ਉਨ੍ਹਾਂ ਦੀ ਹੈ ਵਿਨਾਸ਼ ਕਾਲੇ ਵਿਪਰੀਤ ਬੁੱਧੀ। ਤੁਹਾਡੀ ਹੈ ਬਾਪ ਦੇ ਨਾਲ ਪ੍ਰੀਤ ਬੁੱਧੀ। ਅਗਿਆਨ ਕਾਲ ਵਿੱਚ ਵੀ ਸਪੂਤ ਬੱਚਿਆਂ ਤੇ ਮਾਂ ਬਾਪ ਦਾ ਪਿਆਰ ਰਹਿੰਦਾ ਹੈ। ਇਸਲਈ ਬਾਬਾ ਕਹਿੰਦੇ ਵੀ ਹਨ ਨੰਬਰਵਾਰ ਪੁਰਸ਼ਾਰਥ ਅਨੁਸਾਰ ਯਾਦਪਿਆਰ.. ਜਿਨ੍ਹਾਂ ਜਿਨ੍ਹਾਂ ਸਰਵਿਸ ਕਰਣਗੇ… ਖਿਦਮਤ ਤੇ ਕਰਨੀ ਹੈ ਨਾ। ਭਾਰਤ ਦੀ ਖਾਸ ਅਤੇ ਦੁਨੀਆਂ ਦੀ ਆਮ, ਭਾਰਤ ਨੂੰ ਸਵਰਗ ਬਣਾਉਣਾ ਹੈ। ਬਾਕੀ ਸਭ ਨੂੰ ਭੇਜ ਦੇਣਾ ਹੈ ਸ਼ਾਂਤੀਧਾਮ। ਭਾਰਤ ਨੂੰ ਸਵਰਗ ਦਾ ਵਰਸਾ ਮਿਲਦਾ ਹੈ, ਬਾਕੀ ਸਾਰਿਆਂ ਨੂੰ ਮੁਕਤੀ ਦਾ ਵਰਸਾ ਮਿਲਦਾ ਹੈ। ਸਭ ਚਲੇ ਜਾਣਗੇ। ਹਾਹਾਕਾਰ ਦੇ ਬਾਅਦ ਜੈ ਜੈਕਾਰ ਹੋ ਜਾਏਗੀ। ਕਿੰਨਾ ਹਾਹਾਕਾਰ ਮਚੇਗਾ। ਇਹ ਹੈ ਖ਼ੂਨੇ ਨਾਹੇਕ ਖੇਡ। ਨੈਚੁਰਲ ਕਲੈਮਿਟੀਜ ਵੀ ਆਉਣਗੀਆਂ। ਮੌਤ ਤਾਂ ਸਭ ਦਾ ਹੋਣਾ ਹੈ।

ਬਾਪ ਬੱਚਿਆਂ ਨੂੰ ਸਮਝਾਉਂਦੇ ਹਨ ਪੂਰਾ ਪੁਰਸ਼ਾਰਥ ਕਰ ਲੋ। ਬਾਪ ਦੇ ਨਾਲ ਸਦਾ ਫਰਮਾਨਬਦਾਰ, ਵਫ਼ਾਦਰ ਬਣਨਾ ਹੈ। ਸਰਵਿਸੇਬਲ ਬਣਨਾ ਹੈ। ਜਿਨ੍ਹਾਂਨੇ ਕਲਪ ਪਹਿਲੇ ਵਰਗੀ ਸਰਵਿਸ ਕੀਤੀ ਹੈ, ਉਨ੍ਹਾਂਨੂੰ ਸਾਕਸ਼ਤਾਕਾਰ ਹੁੰਦਾ ਰਹੇਗਾ ਤੁਸੀਂ ਸਾਕਸ਼ੀ ਹੋਕੇ ਵੇਖਦੇ ਰਹੋਗੇ। ਤੁਸੀਂ ਹੁਣ ਸਵਦਰਸ਼ਨ ਚੱਕਰ ਧਾਰੀ ਬਣੇ ਹੋ। ਹਮੇਸ਼ਾ ਬੁੱਧੀ ਵਿੱਚ ਸਵਦਰਸ਼ਨ ਚੱਕਰ ਫਿਰਦਾ ਰਹਿਣਾ ਚਾਹੀਦਾ ਹੈ। ਅਸੀਂ 84 ਜਨਮ ਇਵੇਂ ਇਵੇਂ ਲਏ ਹਨ। ਹੁਣ ਅਸੀਂ ਵਾਪਿਸ ਘਰ ਜਾਂਦੇ ਹਾਂ। ਬਾਪ ਵੀ ਯਾਦ ਰਹਿਣ, ਘਰ ਵੀ ਯਾਦ ਰਹੇ, ਸਤਿਯੁਗ

ਵੀ ਯਾਦ ਰਹੇ। ਸਾਰਾ ਦਿਨ ਬੁੱਧੀ ਵਿੱਚ ਇਹ ਹੀ ਚਿੰਤਨ ਕਰਨਾ ਹੈ। ਹੁਣ ਅਸੀਂ ਵਿਸ਼ਵ ਦੇ ਮਹਾਰਾਜਕੁਮਾਰ ਬਣਾਂਗੇ ਅਸੀਂ ਸ਼੍ਰੀ ਲਕਸ਼ਮੀ ਅਤੇ ਨਾਰਾਇਣ ਬਣਾਂਗੇ। ਨਸ਼ਾ ਰਹਿਣਾ ਚਾਹੀਦਾ ਹੈ ਨਾ। ਬਾਬਾ ਨੂੰ ਨਸ਼ਾ ਰਹਿੰਦਾ ਹੈ। ਬਾਬਾ ਰੋਜ਼ ਇਸ (ਲਕਸ਼ਮੀ - ਨਾਰਾਇਣ) ਦੇ ਚਿੱਤਰ ਨੂੰ ਵੇਖਦੇ ਹਨ, ਅੰਦਰ ਵਿੱਚ ਨਸ਼ਾ ਰਹਿਣਾ ਚਾਹੀਦਾ ਹੈ ਨਾ ਬਸ ਕਲ ਅਸੀਂ ਜਾਕੇ ਇਹ ਸ਼੍ਰੀਕ੍ਰਿਸ਼ਨ ਬਣਾਂਗੇ ਨਾ। ਫਿਰ ਸਵੰਬਰ ਬਾਦ ਸ਼੍ਰੀ ਨਰਾਇਣ ਬਣਾਂਗੇ। ਤੱਤਵਮ। ਤੁਸੀਂ ਵੀ ਤੇ ਬਣੋਗੇ ਨਾ। ਇਹ ਹੈ ਹੀ ਰਾਜਯੋਗ। ਪ੍ਰਜਾ ਯੋਗ ਹੈ ਨਹੀਂ। ਆਤਮਾਵਾਂ ਨੂੰ ਫਿਰ ਤੋਂ ਆਪਣਾ ਰਾਜਭਾਗ ਮਿਲਦਾ ਹੈ। ਬੱਚਿਆਂ ਨੇ ਰਾਜ ਗਵਾਇਆ ਸੀ ਹੁਣ ਫਿਰ ਰਾਜ ਲੈ ਰਹੇ ਹਨ। ਬਾਬਾ ਇਹ ਚਿੱਤਰ ਆਦਿ ਬਣਾਉਂਦੇ ਹੀ ਇਸਲਈ ਹਨ ਕਿ ਤੁਸੀਂ ਬੱਚਿਆਂ ਨੂੰ ਵੇਖਕੇ ਖੁਸ਼ੀ ਹੋਵੇ। 21 ਜਨਮ ਦੇ ਲਈ ਅਸੀਂ ਸਵਰਗ ਦਾ ਰਾਜ ਭਾਗ ਪਾ ਰਹੇ ਹਾਂ। ਕਿੰਨਾ ਸਹਿਜ ਹੈ। ਇਹ ਸ਼ਿਵਬਾਬਾ, ਇਹ ਪ੍ਰਜਾਪਿਤਾ ਬ੍ਰਹਮਾ ਇਨ੍ਹਾਂ ਦਵਾਰਾ ਇਹ ਰਾਜਯੋਗ ਸਿਖਾਉਂਦੇ ਹਨ। ਫਿਰ ਅਸੀਂ ਇਹ ਜਾਕੇ ਬਣਾਂਗੇ। ਵੇਖਣ ਨਾਲ ਹੀ ਖੁਸ਼ੀ ਦਾ ਪਾਰਾ ਚੜ੍ਹ ਜਾਂਦਾ ਹੈ। ਅਸੀਂ ਬਾਪ ਦੀ ਯਾਦ ਵਿੱਚ ਰਹਿਣ ਨਾਲ ਵਿਸ਼ਵ ਦੇ ਰਾਜਕੁਮਾਰ ਬਣਾਂਗੇ ਕਿੰਨੀ ਖੁਸ਼ੀ ਰਹਿਣੀ ਚਾਹੀਦੀ ਹੈ। ਅਸੀਂ ਵੀ ਪੜ੍ਹ ਰਹੇ ਹਾਂ, ਤੁਸੀਂ ਵੀ ਪੜ੍ਹ ਰਹੇ ਹੋ। ਇਸ ਪੜ੍ਹਾਈ ਦੇ ਬਾਦ ਅਸੀਂ ਜਾਕੇ ਇਹ ਬਣਾਂਗੇ। ਸਾਰਾ ਮਦਰ ਪੜ੍ਹਾਈ ਤੇ ਹੈ। ਜਿੰਨਾ ਪੜ੍ਹਾਂਗੇ ਉੰਨੀ ਕਮਾਈ ਹੋਵੇਗੀ ਨਾ। ਬਾਬਾ ਨੇ ਕਿਹਾ ਹੈ ਕੋਈ ਸਰਜਨ ਤਾਂ ਇੰਨੇ ਹੁਸ਼ਿਆਰ ਹੁੰਦੇ ਹਨ ਕਿ ਲੱਖ ਰੁਪਿਆ ਵੀ ਇੱਕ ਕੇਸ ਤੇ ਕਮਾ ਲੈਂਦੇ ਹਨ। ਬੈਰਿਸਟਰਜ਼ ਵਿੱਚ ਵੀ ਇੰਜ ਹੀ ਹੁੰਦਾ ਹੈ । ਕੋਈ ਤਾਂ ਬਹੁਤ ਕਮਾਉਂਦੇ ਹਨ, ਕਿਸੇ ਨੂੰ ਵੇਖੋ ਤਾਂ ਕੋਟ ਵੀ ਫਟਿਆ ਹੋਇਆ ਹੁੰਦਾ ਹੈ। ਇਹ ਵੀ ਇੰਝ ਹੈ ਇਸਲਈ ਬਾਬਾ ਬਾਰ - ਬਾਰ ਕਹਿੰਦੇ ਹਨ ਹੇ ਬੱਚੇ ਹਮੇਸ਼ਾ ਸ਼੍ਰੀਮਤ ਤੇ ਚੱਲੋ। ਸ਼੍ਰੀ ਸ਼੍ਰੀ ਸ਼ਿਵਬਾਬਾ ਤੋਂ ਤੁਸੀਂ ਸ਼੍ਰੇਸ਼ਠ ਬਣਦੇ ਹੋ। ਤੁਸੀਂ ਬੱਚਿਆਂ ਨੇ ਬਾਪ ਤੋਂ ਕਈ ਵਾਰੀ ਵਰਸਾ ਲਿੱਤਾ ਹੈ ਅਤੇ ਗਵਾਇਆ ਹੈ। 21 ਜਨਮ ਦਾ ਵਰਸਾ ਅੱਧਾ ਕਲਪ ਦੇ ਲਈ ਮਿਲਦਾ ਹੈ। ਅੱਧਾਕਲਪ 2500 ਵਰ੍ਹੇ ਸੁੱਖ ਪਾਉਂਦੇ ਹੋ। ਅੱਛਾ!

ਮਿੱਠੇ - ਮਿੱਠੇ ਸਿਕੀਲੱਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1** ਅੰਦਰ ਬਾਹਰ ਸੱਚ ਰਹਿਣਾ ਹੈ। ਪੜ੍ਹਾਈ ਵਿੱਚ ਕਦੀ ਵੀ ਗ਼ਫ਼ਲਤ ਨਹੀਂ ਕਰਨੀ ਹੈ। ਕਦੀ ਵੀ ਸੰਸ਼ੇ ਬੁੱਧੀ ਬਣ ਪੜ੍ਹਾਈ ਨਹੀਂ ਛੱਡਣੀ ਹੈ। ਸਰਵਿਸ ਵਿੱਚ ਵਿਘਨ ਰੂਪ ਨਹੀਂ ਬਣਨਾ ਹੈ।

**2.** ਸਾਰਿਆਂ ਨੂੰ ਇਹ ਹੀ ਖੁਸ਼ਖਬਰੀ ਸੁਣਾਓ ਕਿ ਅਸੀਂ ਪਵਿੱਤਰਤਾ ਦੇ ਬਲ ਨਾਲ,

ਤੇ ਆਪਣੇ ਤਨ - ਮਨ - ਧਨ ਦੇ ਸਹਿਯੋਗ ਨਾਲ 21 ਜਨਮਾਂ ਦੇ ਲਈ ਭਾਰਤ ਨੂੰ ਸ਼੍ਰੇਸ਼ਠਾਚਾਰੀ ਡਬਲ ਸਿਰਤਾਜ ਧਾਰੀ ਬਣਾਉਣ ਦੀ ਸੇਵਾ ਕਰ ਰਹੇ ਹਾਂ।

ਵਰਦਾਨ:- ਸਦਾ ਪੁੰਨ ਦਾ ਖਾਤਾ ਜਮਾ ਕਰਨ ਅਤੇ ਕਰਾਉਣ ਵਾਲੇ ਮਾਸਟਰ ਸਿੱਖਿਅਕ ਭਵ।

ਅਸੀਂ ਮਾਸਟਰ ਸਿੱਖਿਅਕ ਹਾਂ, ਮਾਸਟਰ ਕਹਿਣ ਨਾਲ ਬਾਪ ਆਪੇ ਹੀ ਯਾਦ ਆਉਂਦਾ ਹੈ। ਬਨਾਉਣ ਵਾਲੇ ਦੀ ਯਾਦ ਆਉਣ ਨਾਲ ਖੁਦ ਨਿਮਿਤ ਹਾਂ - ਇਹ ਆਪੇ ਹੀ ਸਮ੍ਰਿਤੀ ਵਿਚ ਆ ਜਾਂਦਾ ਹੈ। ਵਿਸ਼ੇਸ਼ ਸਮ੍ਰਿਤੀ ਰਹੇ ਕਿ ਅਸੀਂ ਪੁੰਨ ਆਤਮਾ ਹਾਂ, ਪੁੰਨ ਦਾ ਖਾਤਾ ਜਮਾ ਕਰਨਾ ਅਤੇ ਕਰਾਉਣਾ - ਇਹ ਹੀ ਵਿਸ਼ੇਸ਼ ਸੇਵਾ ਹੈ। ਪੁੰਨ ਆਤਮਾ ਕਦੇ ਪਾਪ ਦਾ ਇਕ ਪਰਸੈਂਟ ਸੰਕਲਪ ਮਾਤ੍ਰ ਵੀ ਨਹੀਂ ਕਰ ਸਕਦੀ। ਮਾਸਟਰ ਸਿੱਖਿਅਕ ਮਾਨਾ ਸਦਾ ਪੁੰਨ ਦਾ ਖਾਤਾ ਜਮਾ ਕਰਨ ਅਤੇ ਕਰਾਉਣ ਵਾਲੇ, ਬਾਪ ਸਮਾਨ।

ਸਲੋਗਨ:- ਸੰਗਠਨ ਦੇ ਮਹੱਤਵ ਨੂੰ ਜਾਨਣ ਵਾਲੇ ਸੰਗਠਨ ਵਿਚ ਹੀ ਖੁਦ ਦੀ ਸੇਫਟੀ ਦਾ ਅਨੁਭਵ ਕਰਦੇ ਹਨ।

******

ਅਵਿਅਕਤ ਇਸ਼ਾਰੇ - “ਨਿਸ਼ਚੇ ਦੇ ਫਾਉਂਡੇਸ਼ਨ ਨੂੰ ਮਜ਼ਬੂਤ ਕਰ ਸਦਾ ਨਿਰਭੇ ਅਤੇ ਨਿਸ਼ਚਿੰਤ ਰਹੋ”

ਜੋ ਜਿਨਾਂ ਨਿਸ਼ਚੇਬੁੱਧੀ ਹੋਵੇਗਾ ਉਨਾਂ ਹੀ ਸਾਰੀਆਂ ਗੱਲਾਂ ਵਿਚ ਵਿਜੇਈ ਹੋਵੇਗਾ। ਨਿਸ਼ਚੇਬੁੱਧੀ ਦੀ ਕਦੇ ਹਾਰ ਨਹੀਂ ਹੁੰਦੀ। ਹਾਰ ਹੁੰਦੀ ਹੈ ਤਾਂ ਸਮਝਣਾ ਚਾਹੀਦਾ ਹੈ ਕਿ ਨਿਸ਼ਚੇ ਦੀ ਕਮੀ ਹੈ। ਨਿਸ਼ਚੇਬੁੱਧੀ ਵਿਜੇਈ ਰਤਨਾਂ ਵਿਚੋਂ ਅਸੀਂ ਇੱਕ ਰਤਨ ਹਾਂ। ਇਵੇਂ ਆਪਣੇ ਨੂੰ ਸਮਝਣਾ ਹੈ। ਕੋਈ ਵੀ ਵਿਘਣ ਆਵੇ ਤਾਂ ਉਨ੍ਹਾਂ ਨੂੰ ਪੇਪਰ ਸਮਝ ਕੇ ਪਾਸ ਕਰਨਾ ਹੈ। ਗਲ ਨੂੰ ਨਹੀਂ ਵੇਖਣਾ ਹੈ ਲੇਕਿਨ ਪੇਪਰ ਸਮਝ ਪਾਸ ਹੋਣਾ ਹੈ।